National Research Journal of Social Sciences
Volume-11, Issue-1, January-June 2026
PP: 107-111

ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਗੁਰੂ ਤੇਗ ਬਹਾਦਰ ਬਾਣੀ : ਮਾਨਸਿਕ-ਦਵੰਦਾਂ ਦੀ ਨਵਿਰਤੀ ਅਤੇ ਬੰਧਨ-ਮੁਕਤੀ ਦਾ ਪ੍ਰਵਚਨ

**ਸੁਖਵਿੰਦਰ ਸਿੰਘ**

ਅਸਿਸਟੇਂਟ ਪ੍ਰੋਫੈਸਰ
ਪੰਜਾਬੀ, ਗੁਰੂ ਨਾਨਕ ਕਾਲਜ, ਸ੍ਰੀ ਮੁਕਤਸਰ ਸਾਹਿਬ

**ਸਾਰ ਤੱਤ:**

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਮਨੁੱਖੀ ਜੀਵਨ ਦੇ ਅੰਦਰਲੇ ਮਾਨਸਿਕ ਸੰਘਰਸ਼ਾਂ, ਦਵੰਦਾਂ ਅਤੇ ਅਸਥਿਰਤਾ ਨੂੰ ਗਹਿਰਾਈ ਨਾਲ ਉਜਾਗਰ ਕਰਦੀ ਹੈ। ਇਹ ਬਾਣੀ ਮਨੁੱਖ ਨੂੰ ਮਾਇਆ, ਅਹੰਕਾਰ, ਲੋਭ, ਮੋਹ ਅਤੇ ਭੈਅ ਵਰਗੇ ਬੰਧਨਾਂ ਤੋਂ ਮੁਕਤ ਹੋਣ ਦੀ ਪ੍ਰੇਰਨਾ ਦਿੰਦੀ ਹੈ। ਗੁਰੂ ਜੀ ਅਨੁਸਾਰ ਮਾਨਸਿਕ ਦਵੰਦ ਮਨੁੱਖੀ ਦੁੱਖ ਦਾ ਮੂਲ ਹਨ, ਜਿਨ੍ਹਾਂ ਤੋਂ ਨਵਿਰਤੀ ਸਿਰਫ਼ ਆਤਮ-ਗਿਆਨ, ਨਾਮ-ਸਿਮਰਨ ਅਤੇ ਗੁਰਮਤਿ ਅਨੁਸਾਰ ਜੀਵਨ ਜੀਊਣ ਨਾਲ ਸੰਭਵ ਹੈ। ਬਾਣੀ ਮਨੁੱਖ ਨੂੰ ਅੰਦਰੂਨੀ ਸ਼ਾਂਤੀ, ਸੰਤੁਲਨ ਅਤੇ ਅਡੋਲਤਾ ਦੀ ਦਿਸ਼ਾ ਵੱਲ ਲੈ ਜਾਂਦੀ ਹੈ ਅਤੇ ਜੀਵਨ ਨੂੰ ਨਾਸ਼ਵਾਨਤਾ ਦੀ ਸਮਝ ਦੇ ਕੇ ਬੰਧਨ-ਮੁਕਤੀ ਦਾ ਮਾਰਗ ਦਰਸਾਉਂਦੀ ਹੈ। ਇਸ ਪ੍ਰਕਾਰ, ਗੁਰੂ ਤੇਗ ਬਹਾਦਰ ਜੀ ਦੀ ਬਾਣੀ ਮਾਨਸਿਕ ਅਰੋਗਤਾ ਅਤੇ ਆਤਮਿਕ ਉੱਨਤੀ ਲਈ ਇੱਕ ਮਹੱਤਵਪੂਰਨ ਦਾਰਸ਼ਨਿਕ ਪ੍ਰਵਚਨ ਹੈ।

**ਮੁੱਖ ਸ਼ਬਦ:** ਗੁਰੂ ਤੇਗ ਬਹਾਦਰ ਜੀ, ਬਾਣੀ, ਮਾਨਸਿਕ ਦਵੰਦ, ਨਵਿਰਤੀ, ਬੰਧਨ-ਮੁਕਤੀ, ਨਾਮ-ਸਿਮਰਨ, ਮਾਇਆ, ਅਹੰਕਾਰ, ਆਤਮਿਕ ਸ਼ਾਂਤੀ

ਗੁਰਬਾਣੀ ਦਾ ਫਲਸਫ਼ਾ ਪੂਰਵਲੇ ਦਰਸ਼ਨ ਦੀ ਚੱਲ ਰਹੀ ਪਰੰਪਰਾ ਤੋਂ ਨਿਵੇਕਲਾ ਅਤੇ ਵਿਹਾਰਕ ਹੈ। ਇਸ ਵਿੱਚ ਪੂਰਵਲੇ ਦਰਸ਼ਨ ਨਾਲ ਸੰਵਾਦ ਰਚਾ ਕੇ ਧਰਮ/ਦਰਸ਼ਨ ਵਿੱਚ ਨਿਹਿਤ ਵੱਖ-ਵੱਖ ਸੰਕਲਪਾਂ ਨੂੰ ਨਵੇਂ ਸਿਰਿਓਂ ਪਰਿਭਾਸ਼ਤ ਕਰਦਿਆਂ ਆਪਣੀਆਂ ਮੌਲਿਕ ਧਾਰਨਾਵਾਂ ਦੀ ਸਿਰਜਣਾ ਕੀਤੀ ਗਈ ਹੈ। ਗੁਰਬਾਣੀ ਦੇ ਸਮੁੱਚੇ ਉਪਦੇਸ਼ ਦੇਸ਼/ਕਾਲ ਦੀਆਂ ਹੱਦਾਂ ਤੋਂ ਪਾਰ ਸਰਬਤ ਦੇ ਭਲੇ ਦਾ ਪ੍ਰਵਚਨ ਸਿਰਜਦੇ ਹਨ। 'ਵਿਸ਼ਵ ਦੇ ਧਰਮ-ਦਰਸ਼ਨ ਦੀ ਪੰਰਪਰਾ ਵਿੱਚ ਗੁਰਬਾਣੀ ਦੀ ਸਰਵੋਤਮ ਦੇਣ ਦਵੰਦ-ਮੁਕਤਤਾ ਦੇ ਪ੍ਰਵਚਨ ਦੀ ਸਿਰਜਣਾ ਹੈ। ਮਨੁੱਖੀ ਸਭਿਅਤਾਵਾਂ ਦਾ ਇਤਿਹਾਸ ਦਵੰਦਾਂ ਉੱਤੇ ਉਸਰਿਆ ਹੈ। ਸਮਾਜਾਂ ਸਭਿਆਚਾਰਾਂ ਦੀ ਅੰਤਰੀਵ ਜਗਤ ਵਿਚ ਅਨੇਕ ਦਵੰਦ ਨਿਹਿਤ ਹੁੰਦੇ ਹਨ। ਦਵੰਦ ਹੋਂਦ ਦੀ ਸਤਹੀ ਵੱਖਰਤਾ ਅਤੇ ਵਿਲੱਖਣ ਸ਼ਨਾਖਤ ਦਾ ਆਧਾਰ ਹੁੰਦੇ ਹਨ। ਕੋਈ ਵੀ ਵਸਤੂ, ਵਰਤਾਰਾ ਜਾਂ ਸੰਕਲਪ ਦੂਜੇ ਦੇ ਦਵੰਦਾਤਮਕ ਵਿਰੋਧ ਵਿਚ ਪਰਿਭਾਸ਼ਤ ਹੁੰਦਾ ਹੈ। ਭਾਸ਼ਾ ਵਿਗਿਆਨ ਦੀ ਤਕਨੀਕੀ ਸ਼ਬਦਾਵਲੀ ਵਿਚ ਇਸ ਨੂੰ ਬਾਇਨਰੀ ਔਪੋਜ਼ੀਸ਼ਨ (Binary Opposition ) ਕਿਹਾ ਜਾਂਦਾ ਹੈ । ਦਵੰਦਾਤਮਕ ਵਿਰੋਧਾਂ ਦੀ ਇਹੀ ਜੁਗਤ ਜਦ ਸਮਾਜਾਂ, ਸਭਿਆਚਾਰਾਂ ਦੇ ਵਿਸ਼ਾਲ ਵਰਤਾਰਿਆਂ ਤਕ ਫੈਲਦੀ ਹੈ ਤਾਂ ਵੱਖਰਤਾ ਤੇ ਵਿਲੱਖਣ ਸ਼ਨਾਖਤ ਦਾ ਸੰਕੀਰਣ ਅਹਿਸਾਸ ਸਭਿਅਤਾਵਾਂ ਦੇ ਸੰਪ੍ਰਦਾਇਕ ਟਕਰਾਅ ਵਿਚ ਪਲਟ ਜਾਂਦਾ ਹੈ । ਸਭਿਅਤਾਵਾਂ ਦਾ ਇਹ ਟਕਰਾਅ ਨਾ ਕੇਵਲ ਮਾਨਵੀ ਇਤਿਹਾਸ ਵਿਚ ਬਲਕਿ ਮੌਜੂਦਾ ਦੌਰ ਵਿਚ ਵੀ ਸਰਬ-ਸਾਂਝੀਵਾਲਤਾ ਦੀ ਸਥਾਪਤੀ ਵਿਚ ਸਭ ਤੋਂ ਵੱਡੀ ਰੁਕਾਵਟ ਹੈ। ਦਵੰਦਾਂ ਦਾ ਇਹ ਵਰਤਾਰਾ ਸਰਬਤ ਦੇ ਭਲੇ ਦੇ ਭਾਵ ਨੂੰ ਪ੍ਰਵਾਹਿਤ ਨਹੀਂ ਹੋਣ ਦਿੰਦਾ। ਗੁਰਬਾਣੀ ਧਰਮ, ਦਰਸ਼ਨ, ਸਮਾਜ, ਸਭਿਅਤਾ ਅਤੇ ਸਭਿਆਚਾਰਾਂ ਦੇ ਕੁੱਲ ਸਤਹੀ ਦਵੰਦਾਂ ਤੋਂ ਪਾਰ ਮਨੁੱਖ ਦੀ ਅਸਤਿੱਤਵੀ ਏਕਤਾ ਦਾ ਪ੍ਰਵਚਨ ਹੈ। ਇਸ ਵਿਚ ਸੁਖ-ਦੁਖ, ਹਰਖ-ਸੋਗ, ਉਸਤਤ-ਨਿੰਦਾ, ਮਾਨ-ਅਪਮਾਨ, ਸ਼ਤਰੂ-ਮਿੱਤਰ ਆਦਿ ਦੇ ਸਾਰੇ ਦਵੰਦ ਮਨੁੱਖ ਦੀ ਅਸਤਿੱਤਵੀ ਸਰਬ ਸਾਂਝੀਵਾਲਤਾ ਦੀ ਵਿਰਾਟ ਸੰਕਪਲਨਾ ਵਿੱਚ ਜਜਬ ਹੋ ਕੇ ਅਰਥਹੀਣ ਹੋ ਜਾਂਦੇ ਹਨ।'[1]

ਗੁਰੂ ਤੇਗ ਬਹਾਦਰ ਦੀ ਬਾਣੀ ਮਨੁੱਖੀ ਚੇਤਨਾ ਨੂੰ ਵੱਖ-ਵੱਖ ਮਾਨਸਿਕ ਦਵੰਦਾਂ ਤੋਂ ਨਵਿਰਤ ਕਰਦੀ ਹੈ ਅਤੇ ਬੰਧਨ-ਮੁਕਤੀ ਦਾ ਪ੍ਰਵਚਨ ਸਿਰਜਦੀ ਹੈ। ਗੁਰੂ ਸਾਹਿਬ ਨੇ ਬੜੀ ਸਰਲ ਤੇ ਸਾਦਾ ਲੋਕ-ਭਾਸ਼ਾ ਵਿੱਚ 59 ਸ਼ਬਦਾਂ ਤੇ 57 ਸਲੋਕਾਂ ਰਾਹੀਂ ਸੰਸਾਰ ਅਤੇ ਪਰਮਾਰਥ ਦੇ ਤਨਾਉ-ਪੂਰਵਕ ਸੰਬੰਧਾਂ ਵਿੱਚ ਪਏ ਦਵੰਦਾਂ ਤੋਂ ਮੁਕਤੀ ਦਾ ਉਪਦੇਸ਼ ਦਿੱਤਾ ਹੈ। ਗੁਰੂ ਸਾਹਿਬ ਆਪਣੀ ਬਾਣੀ ਵਿੱਚ 'ਮਨ' ਨੂੰ ਕੇਂਦਰ ਬਿੰਦੂ ਬਣਾਉਂਦੇ ਹੋਏ ਇਉਂ ਸੰਬੋਧਨ ਕਰਦੇ ਹਨ ਜਿਵੇਂ ਕੋਈ ਮਨੋਚਿਕਿਤਸਕ ਮਨੋਰੋਗ ਨਾਲ ਗ੍ਰਸਤ ਰੋਗੀ ਦਾ ਬੜੇ ਪਿਆਰ ਨਾਲ ਇਲਾਜ ਕਰਦਾ ਹੋਇਆ ਉਸਨੂੰ ਤੰਦਰੁਸਤ ਕਰਨ ਦਾ ਯਤਨ ਕਰਦਾ ਹੈ, ਉਵੇਂ ਹੀ ਗੁਰੂ ਸਾਹਿਬ ਮਨੁੱਖ ਦੇ ਮਨ ਨੂੰ ਸੰਬਧੋਨ ਕਰਦੇ ਹੋਏ ਬੜੀ ਅਪਣੱਤ ਨਾਲ ਭਾਵੁਕ ਵੇਗ ਵਿੱਚ ਆਪਣੇ ਨਾਲ ਵਹਾ ਕੇ ਮਨੋਬਲ ਨੂੰ ਉੱਚਾ ਰੱਖਣ ਲਈ ਵੈਰਾਗਮਈ ਸੁਰ ਵਿੱਚ ਉਪਦੇਸ਼ ਦੇਂਦੇ ਹਨ। ਗੁਰੂ ਸਾਹਿਬ ਦੀ ਬਾਣੀ ਦੇ ਪਾਠ-ਅਧਿਐਨ ਤੋਂ ਇਹ ਅਰਥ ਬਣਦਾ ਹੈ ਕਿ ਸਾਰੀਆਂ ਮਾਨਸਿਕ/ਸਰੀਰਕ/ਸਮਾਜਕ ਸਮੱਸਿਆਵਾਂ ਦੀ ਜੜ੍ਹ 'ਮਨ' ਹੈ। ਮਨ ਦੀ ਉੱਤਮ ਅਵਸਥਾ ਮਨੁੱਖ ਨੂੰ ਆਤਮਿਕ ਤੌਰ 'ਤੇ ਬਲਵਾਨ ਬਣਾਉਂਦੀ ਹੈ ਅਤੇ ਮਨ ਦੀ ਹੀਣਤਾ ਮਨੁੱਖ ਦੇ ਮਨੋਬਲ ਨੂੰ ਘਟਾਉਂਦੀ ਹੋਈ ਉਸਨੂੰ ਅਨੇਕਾਂ ਮਨੋ-ਸਕੰਟਾਂ ਅਤੇ ਸਮਾਜਕ ਸੰਕਟਾਂ ਦਾ ਸ਼ਿਕਾਰ ਬਣਾ ਦੇਂਦੀ ਹੈ। ਇਸ ਤਰ੍ਹਾਂ ਮਨੁੱਖੀ ਜੀਵਨ ਵਿੱਚ ਅਨੇਕਾਂ ਤਰ੍ਹਾਂ ਦੇ ਭੈਅ ਉਸਨੂੰ ਘੇਰ ਲੈਂਦੇ ਹਨ। ਗੁਰੂ ਸਾਹਿਬ ਆਪਣੀ ਬਾਣੀ ਵਿੱਚੋਂ ਇਨ੍ਹਾਂ ਮਨੋ ਸੰਕਟਾਂ ਤੇ ਸਮਾਜਕ ਸਕੰਟਾਂ ਦੀ ਸਮੱਸਿਆ ਦੀ ਜੜ੍ਹ ਤਲਾਸ਼ਦੇ ਹੋਏ ਵਿਸ਼ਾਲ ਪੱਧਰ 'ਤੇ ਇਨ੍ਹਾਂ ਸੰਕਟਾਂ ਦਾ ਚਿਤਨਣ ਪੇਸ਼ ਕਰਦੇ ਹਨ। 'ਗੁਰੂ ਸਾਹਿਬ ਦੀ ਬਾਣੀ ਵਿੱਚ ਇੱਕ ਭੈਅ-ਗ੍ਰਸਤ ਮਨੁੱਖ ਦਾ ਜੋ ਚਿੱਤਰ ਮੈਨੂੰ ਨਜ਼ਰ ਆਇਆ ਹੈ, ਉਹ ਇਕ ਵਿਅਕਤੀ (ਜਾਂ ਵਰਗ ਸੀਮਿਤ ਵਿਅਕਤੀ) ਦਾ ਨਹੀਂ, ਸਗੋਂ ਸਰਬ-ਸਾਧਾਰਣ ਮਨੁੱਖ ( ) ਜਾਂ ਪ੍ਰਾਣੀ ਦਾ ਹੈ । ਉਸ ਦੀ ਬਲਹੀਣਤਾ, ਗੁਰੂ ਸਾਹਿਬ ਦੀ ਦ੍ਰਿਸ਼ਟੀ ਵਿਚ, ਕੇਵਲ ਇਕ ਮਾਨਸਿਕ ਸਮੱਸਿਆ ਹੈ, ਜੋ ਉਸ ਦੇ ਪ੍ਰਕ੍ਰਿਤੀ ਨਾਲੋਂ ਜਾਂ ਆਪਣੇ ਮੂਲ ਆਪੇ ਨਾਲੋਂ ਨਿਖੜ ਜਾਣ ਸਦਕਾ ਪੈਦਾ ਹੋਈ ਹੈ । ਉਸ ਦਾ ਸੰਕਟ ਧਾਰਮਿਕ ਵਿਜੋਗ (Religious alienation ) ਦਾ ਸੰਕਟ ਹੈ।'[2]


© Copyright @ Authors

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚਾਰਧਾਰਕ ਪੱਧਰ ਉੱਤੇ ਗੁਰਮਤਿ ਵਿਰਾਸਤ ਨੂੰ ਸਿਧਾਂਤਕ ਤੇ ਵਿਹਾਰਕ ਤੌਰ 'ਤੇ ਸੰਚਾਰਦੀ ਹੈ ਅਤੇ ਮਨੁੱਖੀ ਜੀਵਨ-ਵਿਵਹਾਰ ਨੂੰ ਸਮਝਣ 'ਤੇ ਬਲ ਦੇਂਦੀ ਹੈ। 'ਸਾਧਾਰਣ ਮਨੁੱਖ ਜੀਵਨ ਵਰਤਾਰੇ ਨੂੰ ਸੱਚ-ਝੂਠ, ਹਰਖ-ਸੋਗ, ਉਸਤਤਿ-ਨਿੰਦਿਆ, ਸੁਰਗ-ਨਰਕ, ਦੁੱਖ-ਸੁੱਖ, ਜੀਵਨ-ਮੌਤ ਆਦਿ ਵਿਰੋਧ-ਜੁੱਟਾਂ ਦੇ ਰੂਪ ਵਿਚ ਵੇਖਦਾ ਹੈ। ਮਨੁੱਖੀ ਚੇਤਨਾ ਇਹਨਾਂ ਦੀ ਦੁਬਿਧਾ ਵਿਚ ਭਟਕਦੀ ਹੋਈ ਕਦੇ ਇਕ ਨਾਲ ਜੁੜਦੀ ਹੈ, ਕਦੇ ਦੂਜੇ ਨਾਲ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਇਹਨਾਂ ਵਰਤਾਰਿਆਂ ਨੂੰ ਜੁੱਟਾਂ ਵਿਚ ਵੰਡ ਕੇ ਨਹੀਂ ਸਗੋਂ ਇਕਰੂਪਤਾ ਵਿਚ ਗ੍ਰਹਿਣ ਕਰਦੀ ਹੈ। ਦੁਬਿਧਾ ਮਿਟਣ ਨਾਲ ਜੀਵਨ-ਮੌਤ ਵਿਚ ਭੇਦ ਵੀ ਮੁੱਕ ਜਾਂਦਾ ਹੈ ਅਤੇ ਮਾਨਵੀ ਚੇਤਨਾ ਪਰਮ ਸੱਚ ਨੂੰ ਵੇਖਣ ਦੇ ਸਮਰੱਥ ਹੋ ਜਾਂਦੀ ਹੈ। ਇਸ ਦੁੱਖ ਤੋਂ ਮੁਕਤ ਹੋਣ ਦਾ ਯਤਨ ਕਰਦੀ ਹੈ। ਮਨੁੱਖ ਜਦੋਂ ਪਰਮ ਮਾਰਗ ਤੇ ਚਲਣਾ ਸ਼ੁਰੂ ਕਰਦਾ ਹੈ ਤਾਂ ਉਸਨੂੰ ਹਰ ਕਿਸਮ ਦੇ ਡਰ ਤੋਂ ਮੁਕਤੀ ਮਿਲ ਜਾਂਦੀ ਹੈ। ਮਾਨਵੀ ਚੇਤਨਾ ਭੈਅ ਮੁਕਤਤਾ ਵਲ ਵਧਦੀ ਹੋਈ ਪਰਮ ਵਜੂਦ ਵਿਚ ਮਿਲ ਕੇ ਜੀਵਨ ਮੁਕਤ ਹੋ ਕੇ ਪਰਮ ਸ਼ਕਤੀ ਨਾਲ ਇਕਮਿਕ ਹੋ ਜਾਂਦੀ ਹੈ।।'[3]

ਗੁਰੂ ਸਾਹਿਬ ਮਨੁੱਖ ਨੂੰ ਜੀਵਨ-ਵਰਤਾਰੇ ਬਾਰੇ ਸੋਝੀ ਪ੍ਰਦਾਨ ਕਰਦੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਸੰਸਾਰ ਦਾ ਸੰਬੰਧ ਪਦਾਰਥਕਤਾ ਨਾਲ ਹੈ। ਪਦਾਰਥਾਂ ਦਾ ਸੁੱਖ ਦੇਹ/ਸਰੀਰ ਨੂੰ ਹੀ ਮਿਲਦਾ ਹੈ। ਪਦਾਰਥਾਂ ਦੀ ਹੋੜ ਮਨੁੱਖ ਅੰਦਰ ਤ੍ਰਿਸ਼ਨਾ ਨੂੰ ਜਨਮ ਦਿੰਦੀ ਹੈ। ਤ੍ਰਿਸ਼ਨਾ ਦਾ ਖਾਤਮਾ ਤਦ ਹੀ ਹੋ ਸਕਦਾ ਹੈ, ਜੇਕਰ ਸੰਸਾਰ ਵਿੱਚ ਵਿਚਰਦਾ ਹੋਇਆ ਮਨੁੱਖ ਮਾਇਆ ਦੇ ਵਰਤਾਰੇ ਨੂੰ ਜਾਣ ਲਵੇਗਾ। ਜਦਕਿ ਦੂਜੇ ਪਾਸੇ ਆਤਮਾ ਦਾ ਸੰਬੰਧ ਪਰਮਾਰਥ ਦੀ ਸ਼ਕਤੀ,ਮਨ ਦੀ ਉੱਚਤਾ ਤੇ ਦ੍ਰਿੜਤਾ ਨਾਲ ਹੈ। ਮਨ ਵਿੱਚ ਪਏ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਰੂਪੀ ਵਿਕਾਰਾਂ ਉੱਪਰ ਕਾਬੂ ਵੀ ਮਨ ਦੀ ਸਾਧਨਾ ਰਾਹੀਂ ਹੀ ਪਾਇਆ ਜਾ ਸਕਦਾ ਹੈ। ਗੁਰੂ ਸਾਹਿਬ ਮਨੁੱਖ ਨੂੰ ਇੱਕ ਅਜਿਹੀ ਸਮ-ਦ੍ਰਿਸ਼ਟੀ ਧਾਰਨ ਦੀ ਪ੍ਰੇਰਨਾ ਦੇਂਦੇ ਹਨ ਜਿਸ ਨਾਲ ਉਹ ਮਨ ਦੀਆਂ ਦੁਬਿਧਾਵਾਂ ਤੋਂ ਪਾਰ ਜਾ ਸਕੇ। ਉਨ੍ਹਾਂ ਦਾ ਵਿਚਾਰ ਹੈ ਕਿ ਮਨ ਦੀ ਸਬਲਤਾ ਹੀ ਮਨੁੱਖ ਨੂੰ ਹਰ ਪੱਖ ਤੋਂ ਸੁਚੇਤ ਤੌਰ ਤੇ ਦੁਬਿਧਾ ਮੁਕਤ ਕਰ ਸਕਦੀ ਹੈ। ਇਸ ਕਰਕੇ ਹੀ ਗੁਰੂ ਸਾਹਿਬ ਨੇ ਆਪਣੀ ਬਾਣੀ ਵਿੱਚ ਜਿਆਦਾਤਰ ਮਨ ਨੂੰ ਸੰਬੋਧਨ ਕੀਤਾ ਹੈ ਜਿਵੇਂ 'ਮਨ ਰੇ ਕਹਾ ਭਇਓ', ਕਹੁ ਨਾਨਕ ਹਰਿ ਭਜ ਮਨਾ, ਕਹੁ ਨਾਨਕ ਸੁਨ ਰੇ ਮਨਾ, 'ਮਨ ਰੇ ਗਹਿਓ ਨਾ', 'ਮਨ ਰੇ ਸਾਚਾ ਗਹੋ ਵਿਚਾਰਾ', 'ਮਨ ਕੀ ਮਨ ਹੀ ਮਾਹਿ ਰਹੀ', 'ਮਨ ਰੇ ਪ੍ਰਭ ਕੀ ਸਰਨਿ ਬਿਚਾਰੋ', 'ਮਨ ਰੇ ਕਉਨੁ ਕੁਮਤਿ ਤੈ ਲੀਨੀ' ਆਦਿ ਹਵਾਲੇ ਮੌਜੂਦ ਹਨ:

(ੳ) ਮਨ ਰੇ ਕਹਾ ਭਇਓ ਤੈ ਬਉਰਾ ।।

ਅਹਿਨਿਸਿ ਅਉਧ ਘਟੈ ਨਹੀਂ ਜਾਨੈ ਭਇਓ ਲੋਭ ਸੰਗਿ ਹਉਰਾ।। (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-220)

(ਅ) ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ ॥

ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1426)

(ੲ) ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ ॥

ਕਹੁ ਨਾਨਕ ਸੁਨਿ ਰੇ ਮਨਾ ਤਿਹ ਸਿਮਰਤ ਗਤਿ ਹੋਇ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1426)

(ਸ) ਮਨ ਰੇ ਪ੍ਰਭ ਕੀ ਸਰਨਿ ਬਿਚਾਰੋ।।

ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰਧਾਰੋ।। (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-632)

(ਹ) ਮਨ ਰੇ ਕਉਨੁ ਕੁਮਤਿ ਤੈ ਲੀਨੀ ।।

ਪਰਦਾਰਾ ਨਿੰਦਿਆ ਰਸ ਰਚਿਓ ਰਾਮ ਭਗਤ ਨਹੀ ਕੀਨੀ।। (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-631)

ਗੁਰੂ ਸਾਹਿਬ ਨੇ ਮਨੁੱਖੀ ਚੇਤਨਾ ਨੂੰ ਦਰਪੇਸ਼ ਮਾਨਸਿਕ/ਸਮਾਜਕ ਦਵੰਦਾਂ ਦੀ ਪਛਾਣ ਕਰਦੇ ਹੋਏ ਇਨ੍ਹਾਂ ਦਵੰਦਾਂ ਤੋਂ ਮੁਕਤੀ ਦਾ ਮਾਰਗ ਦਰਸਾਇਆ ਹੈ। ਇਨ੍ਹਾਂ ਅਹਿਮ ਦਵੰਦਾਂ ਵਿੱਚੋਂ ਦੁੱਖ-ਸੁੱਖ ਦਾ ਸੰਕਲਪੀ ਦਵੰਦ ਹਰੇਕ ਸਮਾਜ ਵਿੱਚ ਮੌਜੂਦ ਰਿਹਾ ਹੈ। ਇਸ ਲਈ ਵੱਖ-ਵੱਖ ਦਾਰਸ਼ਨਿਕਾਂ/ਚਿੰਤਕਾਂ ਨੇ ਮਨੁੱਖ ਦੀ ਦੁੱਖਾਂ ਤੋਂ ਨਵਿਰਤੀ ਦਾ ਰਾਹ ਤਲਾਸ਼ਣ ਦੀ ਕੋਸ਼ਿਸ਼ ਕੀਤੀ ਹੈ। ਗੁਰੂ ਸਾਹਿਬ ਦਾ ਵਿਚਾਰ ਹੈ ਕਿ ਮਨੁੱਖ ਇਸ ਸੰਸਾਰ ਅੰਦਰ ਸੁੱਖ ਦੀ ਪ੍ਰਾਪਤੀ ਲਈ ਯਤਨਸ਼ੀਲ ਹੈ ਤੇ ਦੁੱਖ ਤੋਂ ਮੁਕਤੀ ਦੀ ਕਾਮਨਾ ਕਰਦਾ ਹੈ। ਇਸ ਸੁੱਖ ਦੀ ਪ੍ਰਾਪਤੀ ਲਈ ਕੀਤੇ ਯਤਨ ਅਸਲ ਵਿੱਚ ਮਨੁੱਖ ਦੇ ਦੁੱਖਾਂ ਦਾ ਕਾਰਨ ਬਣਦੇ ਹਨ,ਸੋ ਦੁੱਖਾਂ ਤੋਂ ਮੁਕਤੀ ਤਾਂ ਹੀ ਸੰਭਵ ਹੈ ਜੇਕਰ ਮਨੁੱਖ ਦੇ ਮਨ ਵਿੱਚ ਸੁੱਖ ਪ੍ਰਾਪਤੀ ਦੀ ਇੱਛਾ ਨਾ ਰਹੇ। ਗੁਰੂ ਸਾਹਿਬ ਦੁੱਖ-ਸੁੱਖ ਦੇ ਸੰਕਲਪੀ ਦਵੰਦ ਨੂੰ ਗਹਿਰਾਈ ਨਾਲ ਵਿਚਾਰਦੇ ਹੋਏ ਮਨੁੱਖ ਨੂੰ ਜਾਗਰੂਕ ਕਰਦੇ ਹਨ ਕਿ ਤੇਰੇ ਦੁੱਖਾਂ ਦਾ ਅਸਲੀ ਕਾਰਨ ਜਗਤ/ਮਾਇਆ ਨੂੰ ਸਥਾਈ ਮੰਨ ਲੈਣਾ ਹੈ ਜਦਕਿ ਜਗਤ/ਮਾਇਆ ਨਾਸ਼ਵਾਨ ਤੇ ਥੋੜ-ਚਿਰੀ ਹੈ। ਅਸਲੀ ਸੁੱਖ ਪਰਮ-ਸ਼ਕਤੀ ਦੀ ਸ਼ਰਨ ਵਿੱਚ ਹੈ। ਪਰਮਾਤਮਾ ਦੀ ਸ਼ਰਨ ਵਿੱਚ ਮਨੁੱਖ ਬ੍ਰਹਮ ਸਰੂਪ ਹੋ ਨਿਬੜਦਾ ਹੈ, ਕਿਉਂਕਿ ਉਸਨੂੰ ਆਪਣੇ ਆਪ ਦੀ ਸਮਝ ਆਉਂਦੀ ਹੈ ਅਤੇ ਦੁੱਖ-ਸੁੱਖ ਤੋ ਪਾਰ ਜਾ ਕੇ ਨਿਰਲੇਪ ਅਵਸਥਾ ਪ੍ਰਾਪਤ ਹੁੰਦੀ ਹੈ;

ਸੁਖੁ ਦੁਖੁ ਜਿਹ ਪਰਸੈ ਨਹੀ ਲੋਭ ਮੋਹੁ ਅਭਿਮਾਨੁ ।।

ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ ।।


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਗੁਰੂ ਸਾਹਿਬ ਬਾਣੀ ਵਿੱਚ ਮਨੁੱਖ ਨੂੰ ਸੰਸਾਰ/ਮਾਇਆ ਦੀ ਨਾਸ਼ਮਾਨਤਾ ਤੋਂ ਜਾਣੂ ਕਰਵਾਉਂਦੇਂ ਹੋਏ ਭੌਤਿਕ ਪਦਾਰਥਾਂ ਦੀ ਖਿੱਚ ਤੋਂ ਉਪਰ ਉਠਣ ਵੱਲ ਸੰਕੇਤ ਕਰਦੇ ਹਨ। ਉਨ੍ਹਾਂ ਦੀ ਬਾਣੀ ਵਿੱਚ ਮਾਨਸਿਕ ਉਪਰਾਮਤਾ ਦਾ ਕਾਰਨ ਜਗਤ ਦੀ ਝੂਠੀ ਪ੍ਰੀਤ ਨੂੰ ਮੰਨਿਆ ਗਿਆ ਹੈ। ਗੁਰੂ ਸਾਹਿਬ ਦੇ ਸ਼ਬਦਾਂ/ਸਲੋਕਾਂ ਵਿੱਚ ਅਨੇਕਾਂ ਹਵਾਲੇ ਮੌਜੂਦ ਹਨ ਜਿਵੇ:-

(ੳ) ਰੇ ਨਰ ਇਹ ਸਾਚੀ ਜੀਅ ਧਾਰਿ।।

ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨਾ ਬਾਰ।। (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-631)

(ਅ) ਜਗਤ ਮੈਂ ਝੂਠੀ ਦੇਖੀ ਪ੍ਰੀਤਿ।।

ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ ।। (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-536)

(ੲ) ਭੂਲਿਓ ਮਨੁ ਮਾਇਆ ਉਰਝਾਇਓ ॥

ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-702)

(ਸ) ਇਹੁ ਜਗੁ ਧੂਏ ਕਾ ਪਹਾਰ ॥

ਤੈ ਸਾਚਾ ਮਾਨਿਆ ਕਿਹ ਬਿਚਾਰਿ ।। (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1186)

ਇੱਥੇ ਹੀ ਬੱਸ ਨਹੀਂ, ਜਿੱਥੇ ਇਕ ਪਾਸੇ ਗੁਰੂ ਸਾਹਿਬ ਨੇ ਜਗਤ/ਮਾਇਆ ਨੂੰ ਸੁਪਨਾ/ਮਿਥਿਆ ਦੱਸਿਆ ਹੈ ਉੱਥੇ ਦੁਨਿਆਵੀ ਰਿਸ਼ਤਿਆਂ/ਸਕੇ-ਸੰਬੰਧੀਆਂ ਦੀ ਪ੍ਰੀਤ ਨੂੰ ਵੀ ਝੂਠੀ ਦਰਸਾਇਆ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਸਾਰੇ ਸੰਸਾਰਿਕ ਰਿਸ਼ਤੇ ਆਪਣੇ ਸਵਾਰਥ ਨਾਲ ਬੱਝੇ ਹੋਏ ਹਨ ਅਤੇ ਮਨੁੱਖ ਦਾ ਉਨ੍ਹਾਂ ਚਿਰ ਹੀ ਸਾਥ ਨਿਭਾਉਂਦੇ ਹਨ, ਜਿਨ੍ਹਾਂ ਚਿਰ ਉਨ੍ਹਾਂ ਨੂੰ ਮਾਇਕ ਪੱਧਰ 'ਤੇ ਲੋੜ ਹੁੰਦੀ ਹੈ। ਜੇਕਰ ਮਨੁੱਖ ਨਿਰਧਨ ਹੋ ਜਾਵੇ ਤਾਂ ਸਾਰੇ ਰਿਸ਼ਤੇ-ਨਾਤੇ, ਮਿੱਤਰ-ਦੋਸਤ ਸਾਥ ਛੱਡ ਜਾਂਦੇ ਹਨ;

(ੳ) ਇਹ ਜਗਿ ਮੀਤੁ ਨ ਦੇਖਿਓ ਕੋਈ ॥

ਸਗਲ ਜਗਤੁ ਅਪਨੈ ਸੁਖਿ ਲਾਗਿਓ ਦੁਖ ਮੈ ਸੰਗਿ ਨ ਹੋਈ ॥

ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ ॥

ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-633)

(ਅ) ਜਗਤ ਮੈ ਝੂਠੀ ਦੇਖੀ ਪ੍ਰੀਤਿ ॥

ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-536)

(ੲ) ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥

ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1429)

(ਸ) ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ ॥

ਇਨ ਮੈ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1426)

ਗੁਰੂ ਸਾਹਿਬ ਨੇ ਆਪਣੀ ਬਾਣੀ ਵਿੱਚ ਦੁੱਖ-ਸੁੱਖ, ਉਸਤਤ-ਨਿੰਦਾ, ਹਰਖ-ਸੋਗ, ਕੰਚਨ-ਮਾਟੀ, ਆਸ਼ਾ-ਨਿਰਾਸ਼ਾ, ਮਾਨ-ਅਪਮਾਨ, ਮਿੱਤਰ-ਸ਼ਤਰੂ ਵਰਗੇ ਦਵੰਦਾਂ ਤੋਂ ਪਾਰ ਜਾਣ ਲਈ ਮਨੁੱਖ ਨੂੰ ਪਰਮਾਤਮਾ ਦੇ ਨਾਮ ਸਿਮਰਨ ਨਾਲ ਜੁੜਨ ਦੀ ਪ੍ਰੇਰਨਾ ਦੇਂਦੇ ਹਨ। ਜਿਸ ਨਾਲ ਮਨੁੱਖ ਦੇ ਹਿਰਦੇ ਵਿੱਚ ਬ੍ਰਹਿਮੰਡੀ ਚੇਤਨਾ ਪੈਦਾ ਹੁੰਦੀ ਹੈ ਅਤੇ ਉਸ ਅੰਦਰ ਸਰਬਤ ਦੇ ਭਲੇ ਵਰਗੇ ਸੰਕਲਪ ਸਾਕਾਰ ਹੁੰਦੇ ਹਨ। ਮਨ ਦੇ ਉਚੇਰੀ ਅਵਸਥਾ ਹੀ ਇਨ੍ਹਾਂ ਦਵੰਦਾਂ ਤੋਂ ਮੁਕਤ ਕਰ ਸਕਦੀ ਹੈ। ਗੁਰੂ ਸਾਹਿਬ ਅਜਿਹੇ ਮੁਕਤ ਅਵਸਥਾ ਵਾਲੇ ਮਨੁੱਖ ਦਾ ਚਿਤਰਨ ਇਉਂ ਪੇਸ਼ ਕਰਦੇ ਹਨ;

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥

ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥

ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥

ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥

ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥

ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥

ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-633)

ਗੁਰੂ ਸਾਹਿਬ ਨੇ ਆਪਣੀ ਬਾਣੀ ਵਿੱਚ ਮਾਨਸਿਕ ਦਵੰਦ ਦੀ ਨਿਵਿਰਤੀ ਲਈ ਕਾਮਨਾਵਾਂ/ਤ੍ਰਿਸ਼ਨਾਵਾਂ ਤੋਂ ਮੁਕਤ ਹੋਣ ਲਈ ਮਨੁੱਖ ਨੂੰ ਪ੍ਰੇਰਿਤ ਕਰਦੇ ਹਨ ਅਤੇ ਮਨ ਦੀ ਅਡੋਲਤਾ ਬਣਾਈ ਰੱਖਣ ਲਈ ਜੋਰ ਦੇਂਦੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਮਨ ਦੀ ਚੰਚਲਤਾ ਕਰਕੇ ਹੀ ਇਹ ਦਸ ਦਿਸ਼ਾਵਾਂ ਵਿੱਚ ਹਰ ਵਕਤ ਦੋੜਦਾ ਰਹਿੰਦਾ ਹੈ। ਉਨ੍ਹਾਂ ਨੇ ਮਨ ਦੀ ਦ੍ਰਿੜਤਾ ਬਣਾਈ ਰੱਖਣ ਲਈ ਇਤਿਹਾਸਕ-ਮਿਥਿਹਾਸਕ ਹਵਾਲਿਆਂ ਰਾਹੀਂ ਵੀ ਪ੍ਰੇਰਨਾ ਦਿੱਤੀ ਹੈ:

(ੳ) ਮਾਈ ਮਨੁ ਮੇਰੋ ਬਸਿ ਨਾਹਿ ॥

ਨਿਸ ਬਾਸੁਰ ਬਿਖਿਅਨ ਕਉ ਧਾਵਤ ਕਿਹਿ ਬਿਧਿ ਰੋਕਉ ਤਾਹਿ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-632)

(ਅ)ਮਨ ਕੀ ਮਨ ਹੀ ਮਾਹਿ ਰਹੀ ॥

ਨਾ ਹਰਿ ਭਜੇ ਨ ਤੀਰਥ ਸੇਵੇ ਚੋਟੀ ਕਾਲਿ ਗਹੀ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-631)

(ੲ) ਸਾਧੋ ਇਹੁ ਮਨੁ ਗਹਿਓ ਨ ਜਾਈ ॥

ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-219)

(ਸ) ਯਹ ਮਨੁ ਨੈਕ ਨ ਕਹਿਓ ਕਰੈ ॥

ਸੀਖ ਸਿਖਾਇ ਰਹਿਓ ਅਪਨੀ ਸੀ ਦੁਰਮਤਿ ਤੇ ਨ ਟਰੈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-536)

(ਹ) ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ॥

ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰ ਧਾਰੋ ॥

ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ ਅਰੁ ਨਿਰਭੈ ਪਦੁ ਪਾਇਆ ॥

ਦੁਖ ਹਰਤਾ ਇਹ ਬਿਧਿ ਕੋ ਸੁਆਮੀ ਤੈ ਕਾਹੇ ਬਿਸਰਾਇਆ ॥

ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ ॥

ਮਹਮਾ ਨਾਮ ਕਹਾ ਲਉ ਬਰਨਉ ਰਾਮ ਕਹਤ ਬੰਧਨ ਤਿਹ ਤੂਟਾ ॥

ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥

ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-632)

ਉਪਰੋਕਤ ਸ਼ਬਦ ਇਕ ਪਾਸੇ ਪਰਮਾਤਮਾ ਦੀ ਸਰਬ-ਸ਼ਕਤੀਮਾਨਤਾ ਤੇ ਦੂਜੇ ਪਾਸੇ ਮਨੁੱਖੀ ਮਨ ਦੀ ਦ੍ਰਿੜਤਾ, ਅਰੋਗਤਾ ਤੇ ਬਹਾਦਰੀ ਵੱਲ ਸੰਕੇਤ ਕਰਦੇ ਹਨ। ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ 'ਗੁਰੂ ਜੀ ਦੀ ਬਾਣੀ ਵਿਚ ਅਜਿਹੇ ਤਿਆਗੀ ਤੇ ਸਾਹਸੀ ਪੁਰਖ ਦੀ ਪਛਾਣ ਕਰ ਸਕਦੇ ਹਾਂ ਜੋ ਦੁੱਖ-ਸੁੱਖ, ਸਨੇਹ, ਬੰਧਨ, ਡਰ, ਲੋਭ, ਮੋਹ, ਹੰਕਾਰ ਤੋਂ ਮੁਕਤ ਹੈ। ਸੰਸਾਰਿਕ ਪਦਾਰਥਾਂ ਨੂੰ ਖ਼ਾਕ ਬਰਾਬਰ ਸਮਝਣ ਵਾਲਾ ਤਿਆਗੀ ਪੁਰਸ਼ ਸੂਰਵੀਰਤਾ ਦੀ ਜਿਸ ਸਿਖ਼ਰ ਨੂੰ ਛੂਹ ਜਾਂਦਾ ਹੈ, ਉਥੇ ਕਿਸੇ ਹੋਰ ਯੋਧੇ ਦੀ ਪਹੁੰਚ ਨਹੀਂ ਹੋ ਸਕਦੀ। ਇਸ ਤਰ੍ਹਾਂ ਜਿੱਥੇ ਗੁਰੂ ਸਾਹਿਬ ਦੇ ਜੀਵਨ ਵਿਚ ਤਿਆਗ ਤੇ ਸਾਹਸ ਦਾ ਸੁਮੇਲ ਅਤੇ ਦੂਸਰੇ ਦੇ ਦੂਸਰੇਪਣ ਦੀ ਰਾਖੀ ਲਈ ਜੀਵਨ ਕੁਰਬਾਨੀ, ਪੂਰੇ ਵਿਸ਼ਵ ਦੇ ਇਤਿਹਾਸ ਵਿਚ ਗੁਰੂ ਜੀ ਨੂੰ ਵਿਲੱਖਣ ਬਣਾਉਂਦੀ ਹੈ, ਉੱਥੇ ਉਨ੍ਹਾਂ ਦੀ ਬਾਣੀ ਭੈਅ-ਭੀਤ ਸਮਿਆਂ ਵਿਚ ਗੁਲਾਮ ਤੇ ਸਾਹਸਹੀਣ ਬੰਦੇ ਨੂੰ ਬੰਧਨ-ਮੁਕਤ, ਭੈਅ-ਮੁਕਤ ਤੇ ਸਾਹਸੀ ਬੰਦੇ ਵਿਚ ਤਬਦੀਲ ਕਰਨ ਦਾ ਫ਼ਲਸਫ਼ਾ ਪ੍ਰਦਾਨ ਕਰਦੀ ਹੈ।' [4] ਗੁਰੂ ਸਾਹਿਬ ਦੀ ਬਾਣੀ ਮਨੁੱਖ ਦੀ ਚੇਤਨਾ ਅੰਦਰ ਪ੍ਰਤੱਖ ਜਾ ਪ੍ਰੋਖ ਰੂਪ ਵਿੱਚ ਪਏ ਡਰ/ਤ੍ਰਾਸ ਤੋਂ ਮੁਕਤੀ ਦਿਵਾਉਂਦੀ ਹੈ। ਅਜੋਕੇ ਸਮੇਂ ਵਿੱਚ ਵੀ ਗੁਰੂ ਤੇਗ ਬਹਾਦਰ ਦੀ ਬਾਣੀ ਦੀ ਸਾਰਥਿਕਤਾ ਇਸ ਗੱਲ ਵਿੱਚ ਹੈ ਕਿ ਸਭ ਪਾਸੇ ਵਿਸ਼ਵ ਪੱਧਰ 'ਤੇ ਵਾਪਰ ਰਹੇ ਤਾਨਸ਼ਾਹੀ ਵਰਤਾਰਿਆਂ- ਨਸਲਵਾਦ, ਅੰਧ-ਰਾਸ਼ਟਰਵਾਦ, ਧਾਰਮਿਕ ਕੱਟੜਤਾ, ਜਮਾਤੀ ਵਖਰੇਵਿਆਂ ਦੇ ਚਲਦਿਆਂ ਹੋਇਆ ਵੀ ਮਨੁੱਖ ਨੂੰ ਹਰ ਤਰ੍ਹਾਂ ਦੇ ਭੈਅ ਤੋਂ ਮੁਕਤ ਕਰਦੀ ਹੈ ਅਤੇ ਮਨੁੱਖ ਅੰਦਰ ਜਿੰਦਗੀ ਨੂੰ ਸਵੈ-ਮਾਣ ਅਤੇ ਅਣਖ ਨਾਲ ਜੀਊਣ ਦੀ ਜੁਰਤ ਪੈਦਾ ਕਰਦੀ ਹੈ;

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥

ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1427)

ਅਜੋਕੇ ਦੌਰ ਵਿੱਚ ਅਸੀਂ ਦੇਖਦੇ ਹਾਂ ਕਿ ਲੋਕਤੰਤਰ ਦੀ ਹੋਂਦ ਵੀ ਦਿਖਾਵੇ ਮਾਤਰ ਹੀ ਨਜ਼ਰ ਆਉਂਦੀ ਹੈ। 'ਲੋਕਤੰਤਰ ਬਹੁਮਤ ਦੀ ਖੇਡ ਹੈ, ਜਿਸ ਵਿੱਚ ਧਰੁਵੀਕਰਨ ਕਰਕੇ ਸੱਤਾ ਹਥਿਆ ਲਈ ਜਾਂਦੀ ਹੈ ਅਤੇ ਫਿਰ ਘੱਟ ਗਿਣਤੀਆਂ ਤੇ ਕਮਜ਼ੋਰ ਵਰਗਾਂ ਨੂੰ ਦਬਾਇਆ ਜਾਂਦਾ ਹੈ। ਸੋ ਹੁਣ ਲੋਕਤੰਤਰੀ ਛੜਯੰਤਰ ਨਵੀਆਂ ਤਰਕੀਬਾਂ ਨਾਲ ਫਾਸੀਵਾਦ ਨੂੰ ਮੁੜ ਉਭਾਰ ਰਿਹਾ ਹੈ। ਸੱਤਾ ਧਿਰਾਂ ਦੂਜੇ ਧਰਮਾਂ, ਕੌਮਾਂ ਜਾਂ ਸਮੂਹਾਂ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਨਾਲ ਸਹਿਹੋਂਦੀ ਸੰਬੰਧ ਰੱਖਣ ਦੀ ਥਾਂ ਦਮਨ ਦੇ ਰਾਹ ਤੁਰ ਪਈਆਂ ਹਨ। ਉਹ ਇਕ ਤਰ੍ਹਾਂ ਭੈਅ ਦਾ ਮਾਹੌਲ ਬਣਾ ਕੇ ਰਾਜ ਸੱਤਾ ਨੂੰ ਆਪਣੇ ਲਈ ਸੁਖਾਵੀਂ ਤੇ ਚਿਰਸਥਾਈ ਬਣਾਈ ਰੱਖਣ ਦਾ ਹਿੰਸਕ ਰਵੱਈਆ ਅਖ਼ਤਿਆਰ ਕਰ ਰਹੀਆਂ ਹਨ। ਅਜਿਹਾ ਰਵੱਈਆ ਹੀ ਮੁਗ਼ਲ ਹਕੂਮਤਾਂ ਦਾ ਰਿਹਾ ਸੀ ਜਿਸ ਵਿਚ ਦੂਸਰੇ ਧਰਮਾਂ ਨੂੰ ਜਾਂ ਘੱਟ ਗਿਣਤੀ ਸਮੂਹਾਂ ਨੂੰ ਅਨਿਆਂ ਤੇ ਜਬਰ ਦਾ ਸਾਹਮਣਾ ਕਰਨਾ ਪਿਆ ਸੀ। ਇਹ ਸਭ ਕੁਝ ਗੁਰੂ ਸਾਹਿਬ ਦੀ ਬਾਣੀ ਦੇ ਸਰੋਕਾਰ ਬਣਦੇ ਹਨ।'[5]

ਸਮੁੱਚੇ ਰੂਪ ਵਿੱਚ ਵਿਭਿੰਨ ਮਾਨਸਿਕ ਤੇ ਸਮਾਜਕ ਦਵੰਦ ਮਨੁੱਖ ਦੇ ਅਵਚੇਤਨ ਵਿੱਚ ਹਰ ਸਮੇਂ ਮੌਜੂਦ ਰਹਿੰਦੇ ਹਨ। ਜਦੋਂ ਇਨ੍ਹਾਂ ਦਵੰਦਾਂ ਕਰਕੇ ਮਾਨਸਿਕ ਜਾਂ ਸਮਾਜਕ ਸੰਤੁਲਨ ਵਿਗੜਦਾ ਹੈ ਤਾਂ ਕਈ ਸੰਕਟ ਪੈਦਾ ਹੁੰਦੇ ਹਨ। ਡਾ. ਕੇਸਰ ਸਿੰਘ ਦਾ ਵਿਚਾਰ ਹੈ ਕਿ 'ਮਨੁੱਖ ਇਸ ਦਵੰਦ ਦੀ ਨਵਿਰਤੀ ਕਰਨ ਜਾਂ ਵਿਰੋਧਾਂ ਨੂੰ ਸਮਾਨ ਰਖਣ ਦਾ ਜਤਨ ਚਿੰਤਨ, ਭਾਵ ਤੇ ਅਮਲ (ਮਨ, ਬਚਨ, ਕਰਮ) ਕਿਸੇ ਵੀ ਪੱਧਰ ਉੱਤੇ ਕਰ ਸਕਦਾ ਹੈ। ਗੁਰੂ ਸਾਹਿਬ ਦਾ ਉਪਦੇਸ਼ ਇਹ ਹੈ ਕਿ ਇਹ ਕਾਰਜ ਕੇਵਲ ਚਿੰਤਨ ਤੇ ਭਾਵ ਦੀ ਪੱਧਰ ਉੱਤੇ ਸਿਰੇ ਚੜ੍ਹ ਸਕਦਾ ਹੈ, ਪਰ ਉਨ੍ਹਾਂ ਦੇ ਜੀਵਨ ਤੋਂ ਪਤਾ ਲਗਦਾ ਹੈ ਕਿ ਮਾਨਸਿਕ ਦਵੰਦ ਤੋਂ ਪੂਰੀ ਤਰ੍ਹਾਂ ਮੁਕਤ ਹੋਣ ਲਈ ਅਮਲ ਹੀ ਅੰਤਿਮ ਸਾਧਨ ਹੈ। ਗੁਰੂ ਤੇਗ ਬਹਾਦਰ ਜੀ ਨੇ ਸੰਤੁਲਨ, ਸਮਾਨਤਾ ਸਹਿਜ ਅਤੇ ਦੁਖ ਸੁਖ ਨੂੰ ਸਮ ਕਰ ਜਾਣਨ ਦੀ ਕੇਵਲ ਸਿੱਖਿਆ ਹੀ ਨਹੀਂ ਦਿੱਤੀ, ਸਗੋਂ ਆਪਣੀ ਮਹਾਨ ਸ਼ਹੀਦੀ ਦੇ ਅਮਲ ਦੁਆਰਾ ਮਨੁੱਖ ਦੀ ਅਡੋਲ, ਬਲਵਾਨ ਤੇ ਨਿਰਭੈਅ ਆਤਮਾ ਨੂੰ ਵੀ ਪ੍ਰਤੱਖ ਕਰ ਵਿਖਾਇਆ ਹੈ।'[6]

**ਹਵਾਲੇ ਤੇ ਟਿੱਪਣੀਆਂ-**

1. ਡਾ. ਤੇਜਿੰਦਰ ਕੌਰ ਧਾਲੀਵਾਲ ਅਤੇ ਹੋਰ (ਸੰਪਾ.) ਮਾਨਵਤਾ ਦੇ ਰਹਿਬਰ ਸ੍ਰੀ ਗੁਰੂ ਤੇਗ ਬਹਾਦਰ ਜੀ : ਸਰਬਪੱਖੀ ਅਧਿਐਨ, ਯੂਨੀਸਟਾਰ ਬੁਕਸ ਪ੍ਰਾਈਵੇਟ ਲਿਮਟਡ, ਚੰਡੀਗੜ੍ਹ, 2022, ਪੰਨਾ-178
2. ਡਾ. ਅੰਮ੍ਰਿਤਪਾਲ ਕੌਰ ਅਤੇ ਹੋਰ (ਸੰਪਾ.) ਖੋਜ ਪਤ੍ਰਿਕਾ (ਬਾਣੀਕਾਰ ਵਿਸ਼ੇਸ਼ ਅੰਕ),ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀ. ਪਟਿਆਲਾ, ਅੰਕ 57, ਮਾਰਚ 2003, ਪੰਨਾ-79
3. ਡਾ. ਮਹਿਲ ਸਿੰਘ ਅਤੇ ਹੋਰ (ਸੰਪਾ.), 'ਭੂਮਿਕਾ' ਸ੍ਰੀ ਗੁਰੂ ਤੇਗ ਬਹਾਦਰ ਬਾਣੀ ਤੇ ਸ਼ਹਾਦਤ ਦਾ ਗੌਰਵ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2021, ਪੰਨਾ-7-8
4. ਡਾ. ਮਹਿਲ ਸਿੰਘ ਅਤੇ ਹੋਰ (ਸੰਪਾ.), ਸ੍ਰੀ ਗੁਰੂ ਤੇਗ ਬਹਾਦਰ ਜੀਵਨ, ਫਲਸਫਾ ਤੇ ਸ਼ਹਾਦਤ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2021, ਪੰਨਾ-8
5. ਉਹੀਂ, ਪੰਨਾ-8-9
6. ਡਾ. ਅੰਮ੍ਰਿਤਪਾਲ ਕੌਰ ਅਤੇ ਹੋਰ (ਸੰਪਾ.) ਖੋਜ ਪਤ੍ਰਿਕਾ (ਬਾਣੀਕਾਰ ਵਿਸ਼ੇਸ਼ ਅੰਕ),ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀ. ਪਟਿਆਲਾ, ਅੰਕ 57, ਮਾਰਚ 2003, ਪੰਨਾ-85


© Copyright @ Authors